ਦਫਤਰ ਰਿਵਾਈਜ਼ਿੰਗ ਅਥਾਰਟੀ

31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਚੋਣਾਂ-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:- erobhuchomandi91@gmail.com

ਜਿੰਮੇਵਾਰ ਬਣੋ, ਵੋਟਰ ਬਣੋ — ਜਿੰਮੇਵਾਰ ਬਣੋ, ਵੋਟਰ ਬਣੋ

**ਪੱਤਰ ਨੰ: SGPC ਚੋਣਾਂ-2023/** — **ਮਿਤੀ:**

**ਸਿਰਫ ਈ.ਮੇਲ/ਵਟਸਐਪ ਰਾਹੀ**

12198
9/11/23

ਵਿਖੇ,

ਸ੍ਰੀਮਤੀ ਗੁਰਵਿੰਦਰ ਕੌਰ, ਨਾਇਬ ਤਹਿਸੀਲਦਾਰ, ਗੋਨਿਆਣਾ,
ਸ੍ਰੀ ਸੁਮੀਤ ਸਿੰਘ ਢਿੱਲੋਂ, ਨਾਇਬ ਤਹਿਸੀਲਦਾਰ, ਨਥਾਣਾ,
ਸ੍ਰੀ ਬੀਰਬਲ ਸਿੰਘ, ਨਾਇਬ ਤਹਿਸੀਲਦਾਰ, ਭਗਤਾ ਭਾਈਕਾ।
ਸ੍ਰੀ ਪ੍ਰਭਜੀਤ ਸਿੰਘ,ਬੀ.ਡੀ.ਪੀ.ਓ. ਨਥਾਣਾ
ਸ੍ਰੀ ਰਜਨੀਸ਼ ਗਰਗ, ਬੀ.ਡੀ.ਪੀ.ਓ. ਭਗਤਾ ਭਾਈਕਾ,
ਸ੍ਰੀ ਨਰਿੰਦਰ ਕੁਮਾਰ, ਕਾਰਜ ਸਾਧਕ ਅਫਸਰ, ਗੋਨਿਆਣਾ ਮੰਡੀ/ਨਥਾਣਾ
ਸ੍ਰੀ ਤੁਰਣ ਕੁਮਾਰ, ਕਾਰਜ ਸਾਧਕ ਅਫਸਰ, ਭਗਤਾ ਭਾਈਕਾ/ ਕੋਠਾ ਗੁਰੂ

**ਵਿਸ਼ਾ:-** **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਲਈ ਬੀ.ਐਲ.ਓਜ਼ ਵੱਲੋ ਸ਼ਪੈਸ਼ਲ ਕੈਂਪ ਲਗਾਉਣ ਬਾਰੇ।**

**ਹਵਾਲਾ:-** **ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੇ ਦਫ਼ਤਰ ਦੇ ਪੱਤਰ ਨੰ: ਚੋਣ/2023/2028-33 ਮਿਤੀ: 08-11-2023**

ਉਪਰੋਕਤ ਵਿਸ਼ੇ ਸਬੰਧੀ ਸ਼ੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇ ਬੋਰਡ ਦੇ ਗਠਨ ਲਈ ਮਿਤੀ 21-10-2023 ਤੋਂ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਕੰਮ ਪ੍ਰਗਤੀ ਅਧੀਨ ਹੈ ਪਰੰਤੂ ਨਿਮਨਹਸਤਾਖਰ ਦੇ ਧਿਆਣ ਵਿੱਚ ਆਇਆ ਹੈ ਕਿ ਇਸ ਹਲਕੇ ਦੇ ਮਿਤੀ 03-11-2023 ਤੱਕ ਬਹੁਤ ਹੀ ਘੱਟ ਫਾਰਮ ਪ੍ਰਾਪਤ ਨਹੀਂ ਹੋਏ ਹਨ। ਇਸ ਲਈ ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸੋ ਪ੍ਰਾਪਤ ਦਿਸ਼ਾ ਨਿਰਦੇਸ਼ਾ ਅਨੁਸਾਰ ਮਿਤੀ 10-11-2023 ਨੂੰ SGPC ਦੀਆਂ ਵੋਟਾਂ ਬਣਾਉਣ ਲਈ ਸ਼ਪੈਸ਼ਲ ਕੈਂਪ ਲਗਾਇਆ ਜਾਂਦਾ ਹੈ। ਕੈਂਪ ਦੌਰਾਨ ਕਰਮਚਾਰੀਆਂ ਵੱਲੋ ਸਵੇਰੇ 09 ਤੋਂ ਸ਼ਾਮ 5 ਵਜੇ ਤੱਕ ਫਾਰਮ ਪ੍ਰਾਪਤ ਕੀਤੇ ਜਾਣ ਤਾਂ ਜੋ ਮਾਨਯੋਗ ਚੀਫ ਕਮਿਸ਼ਨਰ ਗੁਰਦੁਆਰਾ ਚੋਣਾ ਦੁਆਰਾ ਜਾਰੀ ਕੀਤੇ ਗਏ ਹੁਕਮਾਂ ਦੀ ਪਾਲਣਾ ਕਰਦੇ ਹੋਏ ਮਿਤੀ 15-11-2023 ਤੱਕ ਵੋਟਰ ਸੂਚੀਆਂ ਦਾ ਕੰਮ ਮੁਕੰਮਲ ਕੀਤਾ ਜਾ ਸਕੇ। ਆਪ ਅਧੀਨ ਕੰਮ ਕਰਦੇ ਪਟਵਾਰੀਆਂ/ ਨਗਰ ਕੌਸਲ ਦੇ ਕਰਮਚਾਰੀਆਂ ਨਾਲ ਸਹਾਇਤਾ ਲਈ ਸਬੰਧਤ ਪਿੰਡਾ ਦੇ ਬੀ.ਐਲ.ਓ ਵੀ ਕੈਂਪ ਵਿੱਚ ਹਾਜਰ ਰਹਿਣਗੇ ਅਤੇ ਆਪ ਲਗਾਏ ਜਾ ਰਹੇ ਕੈਂਪ ਦੀ ਚੈਕਿੰਗ ਕਰਦੇ ਹੋਏ ਕੈਂਪ ਵਿੱਚ ਲਗਾਏ ਗਏ ਕਰਮਚਾਰੀਆਂ ਦੀ ਹਾਜਰੀ ਯਕੀਨੀ ਬਣਾਈ ਜਾਵੇ ਅਤੇ ਕੈਂਪ ਤੋਂ ਪਹਿਲਾ ਗੁਰਦੁਆਰਿਆਂ ਵਿੱਚ ਮੁਨਾਦੀ ਜਰੂਰ ਕਰਵਾਈ ਜਾਵੇ।

ਰਿਵਾਈਜ਼ਿੰਗ ਅਥਾਰਟੀ,
31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ
ਕਮੇਟੀ (ਬੋਰਡ) ਚੋਣਾਂ-ਕਮ- ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ।

ਪਿੱਠ ਅੰਕਣ ਨੰ: 53-57 — ਮਿਤੀ 8-11-23

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ:-

1. ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਨੂੰ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਸੂਚਨਾਂ ਅਤੇ ਅਗਲੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।
2. ਚੋਣਕਾਰ ਰਜਿਸ਼ਟਰੇਸ਼ਨ ਅਫ਼ਸਰ-090-ਰਾਮਪੁਰਾ ਫੂਲ, ਵਿਧਾਨ ਸਭਾ ਹਲਕਾ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਧੀਨ ਕੰਮ ਕਰਦੇ ਬੀ.ਐਲ.ਓ ਨੂੰ ਮਿਤੀ 10-11-23 ਨੂੰ ਆਪਣੇ ਪੋਲਿੰਗ ਸਟੇਸ਼ਨਾਂ ਤੇ ਬੈਠਣ ਲਈ ਪਾਬੰਧ ਕੀਤਾ ਜਾਵੇ।
3. **ਸਮੂਹ ਵਿਭਾਗਾਂ ਦੇ ਮੁੱਖੀ, ਬਠਿੰਡਾ** ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਬਤੋਰ BLO ਲੱਗੀ ਹੋਈ ਹੈ ਉਨ੍ਹਾਂ ਨੂੰ ਮਿਤੀ 10-11-23 ਨੂੰ ਦਫਤਰੀ/ਸਕੂਲ ਤੋਂ ਛੋਟ ਦਿੱਤੀ ਜਾਵੇ ਤੇ ਬੀ.ਐਲ.ਓ ਡਿਊਟੀ ਲਈ ਪਾਬੰਧ ਕੀਤਾ ਜਾਵੇ।
4. ਸਬੰਧਤ ਕਰਮਚਾਰੀਆਂ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਕੈਂਪ ਵਿੱਚ ਹਾਜਰ ਹੋਣਾ ਯਕੀਣੀ ਬਣਾਉਂਦੇ ਹੋਏ ਪੋਲਿੰਗ ਸਟੇਸ਼ਨਾ ਤੇ ਬੈਠੇ ਬੀ.ਐਲ.ਓਜ਼ ਨਾਲ ਤਾਲਮੇਲ ਕਰਕੇ SGPC ਵੋਟਾਂ ਸਬੰਧੀ ਫਾਰਮ ਪ੍ਰਾਪਤ ਕਰਨ ਅਤੇ ਇਸ ਸਬੰਧੀ ਸਵੈ ਤਸਦੀਕ ਪ੍ਰੋਫਾਰਮੇ ਅਤੇ ਰਿਪੋਰਟ ਆਪਣੇ ਨੋਡਲ ਅਫ਼ਸਰ ਨੂੰ ਭੇਜਣੀ ਯਕੀਨੀ ਬਣਾਉਣਗੇ।ਇਹ ਵੀ ਯਕੀਣੀ ਬਣਾਇਆ ਜਾਵੇ ਕਿ ਕੋਈ ਵੀ ਪਿੰਡ ਕਵਰ ਕਰਨ ਤੋ ਰਹਿ ਨਾ ਜਾਵੇ।
5. ਸਬੰਧਤ ਬੀ.ਐਲ.ਓ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੇ ਪੋਲਿੰਗ ਸਟੇਸ਼ਨਾਂ ਉਪਰ ਬੈਠਣਾ ਯਕੀਨੀ ਬਣਾਉ ਅਤੇ ਆਪ ਵੱਲੋ ਬਤੌਰ ਸਹਾਇਕ SGPC ਵੋਟਾਂ ਬਣਾਉਣ ਦੇ ਕੰਮ ਵਿੱਚ ਸਬੰਧਤ ਕਰਮਚਾਰੀਆਂ ਨਾਲ ਪੂਰਨ ਸਹਿਯੋਗ ਦਿੱਤਾ ਜਾਵੇ ਅਤੇ ਪ੍ਰਾਪਤ ਫਾਰਮ ਸਬੰਧਤ ਪਟਵਾਰੀਆਂ/ਨਗਰ ਕੌਸਲ ਦੇ ਕਰਮਚਾਰੀਆਂ ਨੂੰ ਸਪੁਰਦ ਕਰ ਦਿੱਤੇ ਜਾਣ।

DEO Secondary Bathinda

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਸੀ.ਨੰ/2023/7003 ਮਿਤੀ 09/11/23

ਰਿਵਾਈਜ਼ਿੰਗ ਅਥਾਰਟੀ,
31-ਭਗਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ
ਕਮੇਟੀ (ਬੋਰਡ) ਚੋਣਾਂ-ਕਮ- ਸਕੱਤਰ,
ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ।



Scanned with OKEN Scanner